## ਮਾਪਿਆਂ ਲਈ ਸਿਖਿਆ

" ਅਲਹਿਦਗੀ ਬੱਚਿਆਂ ਉੱਤੇ ਕਿਵੇਂ ਅਸਰ ਪਾਉਂਦੀ ਹੈ ਅਤੇ ਮਾਪੇ ਕੀ ਕਰ ਸਕਦੇ ਹਨ"

ਅਲਹਿਦਗੀ ਜਾਂ ਤਲਾਕ ਨਾਲ ਨਜਿੱਠਣ ਵਾਸਤੇ ਬੱਚਿਆਂ ਦੀ ਮਦਦ ਕਰਨ ਲਈ ਮਾਪੇ ਆਮ ਕਰ ਕੇ ਬਹੁਤ ਹੀ ਅਸਰਦਾਇਕ ਹੁੰਦੇ ਹਨ। ਆਪਣੇ ਬੱਚਿਆਂ ਦੀ ਪਰੇਸ਼ਾਨੀ ਘਟਾਉਣ ਵਿੱਚ ਮਦਦ ਕਰਨ ਵਾਸਤੇ ਮਾਪਿਆਂ ਲਈ ਸਿਖਿਆ ਦੀਆਂ ਵਰਕਸ਼ਾਪਾਂ ਉਪਲਬਧ ਹਨ।

ਵਰਕਸ਼ਾਪਾਂ ਮਾਪਿਆਂ ਨੂੰ ਹੇਠ ਦਰਜ ਗੱਲਾਂ ਬਾਰੇ ਜਾਣਕਾਰੀ ਪੇਸ਼ ਕਰਦੀਆਂ ਹਨ:

- ਆਪਣੇ ਮਾਪਿਆਂ ਦੀ ਅਲਹਿਦਗੀ ਜਾਂ ਤਲਾਕ ਨੂੰ ਬੱਚੇ ਅਨੁਭਵ ਕਿਵੇਂ ਕਰਦੇ ਹਨ
- ਉਸ ਸਮੇਂ ਬੱਚਿਆਂ ਨੂੰ ਮਾਪਿਆਂ ਤੋਂ ਕਿਸ ਗੱਲ ਦੀ ਲੋੜ ਹੁੰਦੀ ਹੈ
- ਆਪਣੇ ਬੱਚਿਆਂ ਨਾਲ ਗੱਲਬਾਤ ਕਿਵੇਂ ਕੀਤੀ ਜਾਵੇ
- ਮਾਪਿਆਂ ਦੇ ਝਗੜੇ ਵਿੱਚੋਂ ਬੱਚਿਆਂ ਨੂੰ ਬਾਹਰ ਰੱਖਣ ਦੇ ਢੰਗ
- ਰਿਸੋਰਸ (ਸਾਧਨ)ਸਮਗਰੀ

ਇਹ ਸੇਵਾਵਾਂ ਹੇਠ ਦਰਜ ਤੋਂ ਉਪਲਬਧ ਹਨ:

ਫ਼ੈਮਲੀ ਸਰਵਸਿਜ਼ ਆਫ਼ ਪੀਲ
(Family Services of Peel)
905-453-5775 www.fspeel.org

ਪੀਲ ਚਿਲਡਰਨਜ਼ ਸੈਂਟਰ
(Peel Children's Centre)
905-795-3500 www.peelcc.org
ਅਤੇ

Punjabi Community Health Services
Serving Diverse Communities
905-790-0808
www.punjabiservices.com

## ਪੀਲ ਪਰਿਵਾਰਕ ਸਾਲਸੀ ਸੇਵਾਵਾਂ ਬਾਰੇ:

ਅਸੀਂ ਇੱਕ ਗ਼ੈਰ-ਮੁਨਾਫ਼ਾ, ਗ਼ੈਰ-ਸਰਕਾਰੀ ਸੰਸਥਾ ਹਾਂ। ਅਸੀਂ ਆਪਣੀ ਕਮਿਊਨਿਟੀ ਨੂੰ ਸੇਵਾ ਮੁਹੱਈਆ ਕਰਨ ਲਈ ਵਚਣਬੱਧ ਕਈ ਵਲੰਟੀਅਰਾਂ ਉੱਤੇ ਨਿਰਭਰ ਕਰਦੇ ਹਾਂ।

1990ਵਿਆਂ ਦੇ ਅੰਤ ਤੇ, ਪਰਿਵਾਰਕ ਨਿਆਂ ਪ੍ਰਣਾਲੀ ਵਿੱਚ ਸ਼ਾਮਲ ਜੱਜਾਂ, ਵਕੀਲਾਂ, ਸੋਸ਼ਲ ਵਰਕਰਾਂ, ਸਾਲਸਾਂ, ਅਕਾਦਮਿਕ ਵਿਅਕਤੀਆਂ ਅਤੇ ਦੂਜਿਆਂ ਨੇ ਪਰਿਵਾਰਕ ਕਨੂੰਨ ਸਾਲਸੀ (Family Law Mediation) ਅਤੇ ਇੰਨਫ਼ਰਮੇਸ਼ਨ ਸਰਵਸਿਜ਼ ਇਨ ਪੀਲ (Information Services in Peel) ਦੀ ਲੋੜ ਮਹਿਸੂਸ ਕੀਤੀ। ਰਲ-ਮਿਲ ਕੇ ਕੰਮ ਕਰਦਿਆਂ ਬਰੈਂਪਟਨ ਕੁਚਹਿਰੀ ਤੋਂ ਚਲਾਈ ਜਾਂਦੀ ਪਰਿਵਾਰ ਸਾਲਸੀ ਸੇਵਾ (Family mediation Service) ਕਾਇਮ ਕੀਤੀ ਗਈ ਸੀ।

ਸਾਲਸੀ ਸੇਵਾਵਾਂ ਤੋਂ ਇਲਾਵਾ, ਅਸੀਂ ਸਾਲਸਾਂ, ਮਦਦ ਕਰਨ ਵਾਲਿਆਂ ਅਤੇ ਖੋਜ ਲਈ ਵਿਦਿਆ, ਇਨਟਰਨਸ਼ਿੱਪਸ ਮੁਹੱਈਆ ਕੀਤੀ ਹੈ।

ਸਾਡੀਆਂ ਸੇਵਾਵਾਂ ਪਹਿਲਾਂ ਆਂਟੇਰੀਓ ਟ੍ਰਿਲੀਅਮ ਫ਼ਾਊਂਡੇਸ਼ਨ (Ontario Trillium Foundation) ਅਤੇ ( Department of Justice Canada) ਦੇ ਫ਼ੰਡਾਂ ਅਤੇ ਹੁਣ ਹੇਠ ਦਰਜ ਸੰਸਥਾਵਾਂ ਤੋਂ ਪ੍ਰਪਾਤ ਫ਼ੰਡਾਂ ਕਰ ਕੇ ਸੰਭਵ ਹੋਈਆਂ ਹਨ ਜਿਨ੍ਹਾਂ ਨੂੰ ਅਸੀਂ ਧੰਵਾਦ ਸਹਿਤ ਸਵੀਕਾਰ ਕਰਦੇ ਹਾਂ:

The Ontario Trillium Foundation

York University — redefine THE POSSIBLE.

Peel Law Association

ਜਗ੍ਹਾ:
ਗਰੈਨਵਿਲ ਅਤੇ ਵਿਲੀਅਮ ਡੇਵਿਸ ਕੋਰਟਹਾਊਸ
7755 Hurontario Street, Room 250
ਬਰੈਂਪਟਨ, ਆਂਟੇਰੀਓ L6W 4T1

ਫ਼ੋਨ: 905-456-4700 Ext 5662
www.peelfamilymediation.org

ਦਫ਼ਤਰ ਦਾ ਸਮਾਂ 9:30 – 1:00
ਵੀਰਵਾਰ, 9:30 ਸਵੇਰ ਤੋਂ 4:30 ਸ਼ਾਮ ਤਕ

# ਪੀਲ ਫ਼ੈਮਲੀ ਮੈਡੀਏਸ਼ਨ ਸਰਵਸਿਜ਼

## (PEEL FAMILY MEDIATION SERVICES)

PEEL FAMILY MEDIATION SERVICES

"ਉਲਝੀ ਹੋਈ ਤਾਣੀ ਨੂੰ ਸੁਲਝਾਉਣ ਵਿਚ ਤੁਹਾਡੀ ਮਦਦ ਕਰਨੀ"

ਪੀਲ ਖੇਤਰ ਵਿੱਚ ਉੱਚ ਪੱਧਰੀਆਂ ਅਤੇ ਪਹੁੰਚਯੋਗ ਪਰਿਵਾਰਕ ਕਨੂੰਨ ਸਾਲਸੀ ਅਤੇ ਜਾਣਕਾਰੀ ਸੇਵਾਵਾਂ ਮੁਹੱਈਆ ਕਰਦਿਆਂ

# ਪਰਿਵਾਰਕ ਕਨੂੰਨ ਸਾਲਸੀ
## Family Law Mediation

## "ਸਾਲਸੀ  ਤੋਂ ਕੀ ਭਾਵ ਹੁੰਦਾ ਹੈ"?

ਸਾਲਸੀ ਇੱਕ ਸਵੈ-ਇਛੱਤ ਅਮਲ ਹੁੰਦਾ ਹੈ, ਜਿਸ ਵਿੱਚ ਮਸਲਿਆਂ ਨੂੰ ਸੁਲਝਾਉਣ ਲਈ ਝਗੜੇ ਵਾਲੀਆਂ ਧਿਰਾਂ ਇੱਕ ਨਿਰਪੱਖ ਤੀਜੀ ਧਿਰ ਨੂੰ ਮਿਲਦੀਆਂ ਹਨ। ਰਾਜ਼ੀਨਾਮਾ ਕਰਨ ਵਿੱਚ  ਇੱਕ ਤਜਰਬੇਕਾਰ ਸਾਲਸ ਧਿਰਾਂ ਦੀ ਇਸ ਢੰਗ ਨਾਲ ਮਦਦ ਕਰਦਾ ਹੈ ਜਿਸ ਰਾਹੀਂ ਪਰਿਵਾਰਾਂ ਵਿੱਚ ਝਗੜਾ ਅਤੇ ਵਿਘਨ ਘਟਦਾ ਹੋਵੇ।

## ਸਾਲਸੀ ਦੀ ਸੇਵਾ ਕਿਵੇਂ ਕੰਮ ਕਰਦੀ ਹੈ?

ਸਾਡੀ (ਸਾਲਸੀ)ਸੇਵਾ ਕੋਲ ਤੁਹਾਨੂੰ ਕਿਸੇ ਜੱਜ, ਵਕੀਲ,ਅਜੰਸੀ ਜਾਂ ਕਿਸੇ ਹੋਰ ਵੱਲੋਂ ਭੇਜਿਆ ਜਾ ਸਕਦਾ ਹੈ। ਤੁਸੀਂ ਆਪਣੇ ਆਪ ਵੀ ਆ ਸਕਦੇ ਹੋ।

ਤੁਹਾਨੂੰ ਜਾਣਕਾਰੀ ਮੁਹੱਈਆ ਕਰਨ, ਕੇਸ ਦਰਜ ਕਰਨ ਲਈ ਅਤੇ ਜਾਂਚ-ਪੜਤਾਲ ਵਾਸਤੇ ਇੰਨਫ਼ਰਮੇਸ਼ਨ ਐਂਡ ਰੈਫ਼ਰਲ ਅਫ਼ਸਰ (ਮਦਦ ਲਈ ਦੂਜੀ ਥਾਂ ਭੇਜਣ ਵਾਲਾ ਅਫ਼ਸਰ) ਹਰ ਵੀਰਵਾਰ ਕੁਚਹਿਰੀ ਵਿੱਚ ਮਿਲ ਸਕਦਾ ਹੈ। ਬਾਕੀ ਦਿਨਾਂ ਦੌਰਾਨ ਜਾਣਕਾਰੀ ਫ਼ੋਨ ਰਾਹੀਂ ਵੀ ਮਿਲ ਸਕਦੀ ਹੈ।

ਸਾਲਸੀ ਦੀ ਕਾਰਵਾਈ ਹਰ ਵੀਰਵਾਰ ਕੀਤੀ ਜਾਂਦੀ ਹੈ ਪਰ ਪਹਿਲਾਂ ਐਪੁਆਇੰਟਮੈਂਟ ਲੈਣੀ ਪੈਂਦੀ ਹੈ।

ਰਾਜ਼ੀਨਾਮਾ ਹੋ ਜਾਣ ਤੇ ਸਾਲਸ ਇੱਕ ਸਾਲਸੀ ਰਿਪੋਰਟ ਤਿਆਰ ਕਰ ਸਕਦਾ ਹੈ ਜਿਸ ਵਿੱਚ ਤਜਵੀਜ਼ਸ਼ੁਦਾ ਰਾਜ਼ੀਨਾਮੇਂ ਦੀ ਰੂਪ ਰੇਖਾ ਦਿੱਤੀ ਹੁੰਦੀ ਹੈ।

## ਕਿਸ ਕਿਸਮ ਦੇ ਝਗੜਿਆਂ ਦੀ ਸਾਲਸੀ ਕੀਤੀ ਜਾਂਦੀ ਹੈ?

- (ਬੱਚਿਆਂ ਆਦਿ ਦੀ) ਨਿਗਰਾਨੀ
- (ਬੱਚਿਆਂ ਆਦਿ ਤੀਕ)ਰਸਾਈ
- ਮਾਪਿਆਂ ਦੇ ਫ਼ਰਜ਼ਾਂ ਸੰਬੰਧੀ ਪ੍ਰਬੰਧ
- ਛੁੱਟੀਆਂ ਦੌਰਾਨ ਯੋਜਨਾਵਾਂ
- ਮਾਪਿਆਂ ਵਿਚਕਾਰ ਸੰਚਾਰ
- ਬੱਚੇ ਲਈ ਖ਼ਰਚਾ

## ਕੀ ਸਾਨੂੰ ਕਨੂੰਨੀ ਸਹਾਇਤਾ ਦੀ ਲੋੜ ਪੈਂਦੀ ਹੈ?

ਸਾਲਸ ਕਨੂੰਨੀ ਮਸ਼ਵਰਾ ਪਰਦਾਨ ਨਹੀਂ ਕਰਦਾ। ਹਰੇਕ ਧਿਰ ਨੂੰ ਕਨੂੰਨੀ ਮਸ਼ਵਰਾ ਵਕੀਲ ਤੋਂ ਹਾਸਲ ਕਰਨਾ ਚਾਹੀਦਾ ਹੈ।

ਸਾਲਸੀ ਰਿਪੋਰਟ ਅਜਿਹਾ ਇਕਰਾਰਨਾਮਾਂ ਨਹੀਂ ਹੁੰਦੀ ਜੋ ਕਨੂੰਨੀ ਤੌਰ ਤੇ ਬੰਧਸ਼ ਲਾਉਂਦਾ ਹੋਵੇ। ਰਸਮੀ ਸਮਝੌਤੇ ਦੀ ਕਾਰਵਾਈ ਵਕੀਲ ਵੱਲੋਂ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਸੁਤੰਤਰ ਕਨੂੰਨੀ ਮਸ਼ਵਰਾ ਲੈਣ ਲਈ ਹਰੇਕ ਧਿਰ ਨੂੰ ਵੱਖ ਵੱਖ (ਆਪਣੇ)ਵਕੀਲ ਨੂੰ ਮਿਲਨਾ ਚਾਹੀਦਾ ਹੈ।

ਜਿਨ੍ਹਾਂ ਧਿਰਾਂ ਕੋਲ ਵਕੀਲ ਨਾ ਹੋਵੇ ਉਹ ਸਾਲਸੀ ਵਾਲੇ ਦਿਨ ਕੁਚਹਿਰੀ ਵਿੱਚ ਡਿਊਟੀ ਕੌਂਸਲ (ਲੀਗਲ ਏਡ ਵੱਲੋਂ ਮੁਹੱਈਆ ਕੀਤੇ ਵਕੀਲ) ਤੋਂ ਮੁਫ਼ਤ ਮਸ਼ਵਰਾ ਅਤੇ ਸਹਾਇਤਾ ਲੈ ਸਕਦੇ ਹਨ।

## ਕੀ ਸਾਲਸੀ ਲਈ ਕੋਈ ਫ਼ੀਸਾਂ ਹੁੰਦੀਆਂ ਹਨ?ਲੇ

ਆਮਦਨੀ ਅਨਸੁਾਰ ਘੁੱਗਦੀ ਦਰਜੇਵਾਰ ਘਟਦੀ ਫ਼ੀਸ  ਲਾਗੂ ਹੁੰਦੀ ਹੈ। ਇਹ ਫ਼ੀਸ ਉਸ ਵਿਅਕਤੀ ਦੀ ਆਮਦਨੀ ਅਤੇ ਉਸ ਉੱਤੇ ਨਿਰਭਰ ਵਿਅਕਤੀਆਂ ਉੱਤੇ ਆਧਾਰਤ ਹੁੰਦੀ ਹੈ।

ਫ਼ੀਸਾਂ ਦੀਆਂ ਅਦਾਇਗੀਆਂ ਅਗੇਤਰੇ ਤਸਦੀਕਸ਼ੁਦਾ ਚੈੱਕ, ਮਨੀ ਆਰਡਰ ਰਾਹੀਂ ਜਾਂ ਨਕਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਪੀਲ ਅੰਦਰ ਵੱਖ ਵੱਖ ਕਮਿਊਨਿਟੀਆਂ, ਖ਼ਾਸ ਕਰ ਸਾਊਥ ਏਸ਼ੀਅਨ ਕਮਿਊਨਿਟੀ, ਨੂੰ ਪਰਿਵਾਰਕ ਕਨੂੰਨ ਸਾਲਸੀ ਅਤੇ ਜਾਣਕਾਰੀ ਸੇਵਾਵਾਂ ਤੀਕ ਪਹੁੰਚ ਦਵਾਉਣ ਲਈ (ਔਂਟੇਰਓ ਟ੍ਰਿਲੀਅਮ ਫ਼ਾਊਂਡੇਸ਼ਨ (Ontario Trillium Foundation) ਦੇ ਫ਼ੰਡ ਨਾਲ ਅਸੀਂ ਇੱਕ ਅਜ਼ਮਾਇਸ਼ੀ ਪਰੋਜੈਕਟ ਚਲਾਅ ਰਹੇ ਹਾਂ।

ਅਸੀਂ ਆਮ ਲੋਕਾਂ ਨੂੰ ਵੀ ਸੇਵਾ ਮੁਹੱਈਆ ਕਰ ਰਹੇ ਹਾਂ।

# ਪਰਿਵਾਰਕ ਕਨੂੰਨ ਬਾਰੇ ਜਾਣਕਾਰੀ ਲਈ ਮੀਟਿੰਗਾਂ

ਅਲਹਿਦਗੀ ਦੀ ਘੜੀ ਮਾਪਿਆਂ ਅਤੇ ਬੱਚਿਆਂ ਦੋਹਾਂ ਲਈ ਮੁਸ਼ਕਲ ਹੋ ਸਕਦੀ ਹੈ। ਜਿੰਨੀ ਵੱਧ ਜਾਣਕਾਰੀ ਤੁਹਾਡੇ ਕੋਲ ਹੋਵੇਗੀ, ਆਪਣੇ ਲਈ ਅਤੇ ਆਪਣੇ ਪਰਿਵਾਰ ਸੰਬੰਧੀ ਵਾਜਬ ਫ਼ੈਸਲੇ ਕਰਨ ਲਈ ਉਨਾਂ ਹੀ ਤੁਸੀਂ ਵੱਧੇਰੇ ਤਿਆਰ ਹੋਵੋਗੇ।

ਜਾਣਕਾਰੀ ਲਈ ਇਹ ਮੁਫ਼ਤ ਮੀਟਿੰਗ ਇਸ ਤਰ੍ਹਾਂ ਵਿਉਂਤੀ ਜਾਂਦੀ ਹੈ ਕਿ ਤੁਹਾਨੂੰ ਇਹ ਸਮਝ ਪੈ ਜਾਵੇ ਕਿ ਪਰਿਵਾਰਕ ਕਨੂੰਨ ਕਿਵੇਂ ਕੰਮ ਕਰਦਾ ਹੈ, ਤੁਹਾਡੇ ਕੋਲ ਕੀ ਰਸਤੇ ਹਨ, ਅਤੇ ਅਲਹਿਦਗੀ ਅਤੇ ਤਲਾਕ ਨਾਲ ਸੰਬੰਧਤ ਭਾਵੁਕ ਅਤੇ ਵਿੱਤੀ ਖ਼ਰਚਿਆਂ ਨੂੰ ਤੁਸੀਂ ਕਿਵੇਂ ਘਟਾਅ ਸਕਦੇ ਹੋ।

ਵਕੀਲ ਅਤੇ ਪਰਿਵਾਰਕ ਸਾਲਸ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਇਨ੍ਹਾਂ ਮੀਟਿੰਗਾਂ ਵਿੱਚ ਹੇਠ ਦਰਜ ਗੱਲਾਂ ਸ਼ਾਮਲ ਹੁੰਦੀਆਂ ਹਨ:

- ਮਾਪਿਆਂ ਅਤੇ ਬੱਚਿਆਂ ਉੱਤੇ ਅਲਹਿਦਗੀ ਦਾ ਅਸਰ
- ਅਦਾਲਤ ਦੀ ਕਾਰਵਾਈ ਦੀ ਰੂਪ ਰੇਖਾ
- ਮੁਕੱਦਮੇਂਬਾਜ਼ੀ ਦੀ ਬਜਾਏ ਦੂਜੇ ਰਸਤੇ, ਜਿਵੇਂ ਕਿ ਸਾਲਸੀ ਅਤੇ ਕੁਲੈਬੋਰੇਟਿਵ ਪਰਿਵਾਰਕ ਕਨੂੰਨ
- ਪ੍ਰਸ਼ਨ ਕਰਨ ਅਤੇ ਉੱਤਰ ਦੇਣ ਲਈ ਥੋੜਾ ਸਮਾ
- ਸਾਧਨ ਸਮੱਗਰੀ
- ਕੁਝ ਉਪਲਬਧ ਸਾਧਨ

*ਹਾਜ਼ਰੀ ਦੀ ਤਸਦੀਕ ਕਰਦੇ ਸਰਟੀਫ਼ਿਕੇਟ ਦਿੱਤੇ ਜਾਂਦੇ ਹਨ।*

(ਝਗੜੇ ਵਾਲੀਆਂ ਧਿਰਾਂ ਨੂੰ ਇੱਕੋ ਮੀਟਿੰਗ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ)

ਮਿਸੀਸਾਗਾ ਅਤੇ ਬਰੈਂਪਟਨ ਵਿਖੇ ਮੀਟਿੰਗਾਂ ਬਾਕਾਇਦਗੀ ਨਾਲ ਕੀਤੀਆਂ ਜਾਂਦੀਆਂ ਹਨ
(ਕੁਚਹਿਰੀ ਦੇ ਬਾਹਰ ਥਾਵਾਂ ਤੇ)

ਮਿਤੀਆਂ ਅਤੇ ਥਾਵਾਂ ਦਾ ਪਤਾ ਕਰਨ ਲਈ ਕਿਰਪਾ ਕਰ ਕੇ
ਪੀਲ ਫ਼ੈਮਲੀ ਮੈਡੀਏਸ਼ਨ ਸਰਵਿਸਿਜ਼
(Peel Family Mediation Services)
ਨਾਲ **905-456-4700 Ext. 5662** ਉੱਤੇ ਸੰਪਰਕ ਕਰੋ